# ਪੰਜਾਬੀ ਜ਼ੁਬਾਨ ਰੁਜ਼ਗਾਰ ਦੀ ਭਾਸ਼ਾ ਕਿਵੇਂ ਬਣੇ

ਅਦਾਰਾ ਸਾਊਥ ਏਸ਼ੀਅਨ ਰੀਵਿਊ ਅਤੇ ਇਸ ਦੀਆਂ ਸਹਿਯੋਗੀ ਸੰਸਥਾਵਾਂ ਦੁਆਰਾ ਅਯੋਜਿਤ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਪਿਛਲੇ ਦੋ ਦਿਨਾਂ ਤੋਂ ਅਸੀਂ ਪੰਜਾਬੀ ਕੌਮ ਦੀ ਉਸਾਰੀ, ਦਰਸ਼ਨ, ਪੰਜਾਬੀ ਭਾਸ਼ਾ, ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਪੰਜਾਬੀਆਂ ਦੇ ਸਿਆਸੀ, ਸਮਾਜੀ ਤੇ ਆਰਥਿਕ ਸਰੋਕਾਰਾਂ ਦੀ ਚਰਚਾ ਕਰ ਰਹੇ ਹਾਂ। ਇਸ ਵਿਚਾਰ ਚਰਚਾ ਵਿਚ ਜ਼ਰੂਰੀ ਨਹੀਂ ਕਿ ਅਸੀਂ ਪੈਦਾ ਹੋਏ ਮਸਲਿਆਂ ਦਾ ਅੰਤਿਮ ਹੱਲ ਹੀ ਲੱਭ ਲੈਣਾ ਹੈ ਪਰ ਇਹ ਜ਼ਰੂਰ ਹੈ ਕਿ ਪੰਜਾਬੀ ਨਾਲ ਸੰਬੰਧਿਤ ਬਹੁਤ ਸਾਰੀਆਂ ਗੱਲਾਂ ਵਾਸਤੇ ਧਿਆਨ ਦੇਣ ਦਾ ਮੌਕਾ ਮਿਲਿਆ ਹੈ। ਇਕ ਮਸਲੇ ਬਾਰੇ ਕੀਤੀ ਗੱਲ ਸਾਨੂੰ ਮੌਕਾ ਪ੍ਰਦਾਨ ਕਰਦੀ ਹੈ ਕਿ ਅਸੀਂ ਇਸ ਤੋਂ ਚੇਤਨਾ ਲੈ ਕੇ ਕਿਸੇ ਹੋਰ ਬਿੰਦੂ ਵੱਲ ਨੂੰ ਚੱਲ ਸਕੀਏ। ਪ੍ਰਿੰਸ ਜਾਰਜ ਵਿਚ ਪਿਛਲੀ ਕਾਨਫਰੰਸ ਵਿਚ ਪੰਜਾਬੀ ਕੌਮ ਦੀ ਉਸਾਰੀ ਅਤੇ ਦਰਸ਼ਨ ਬਾਰੇ ਹੋਈਆਂ ਗੱਲਾਂ ਦੌਰਾਨ ਪੰਜਾਬੀ ਭਾਸ਼ਾ ਸੰਬੰਧੀ ਕਈ ਸਵਾਲ ਸਾਹਮਣੇ ਆਏ ਜਿਵੇਂ ਕਿ ਸਾਡੀ ਮਾਂ ਬੋਲੀ ਇਕ ਚਹੇਤੀ ਜ਼ੁਬਾਨ ਹੁੰਦਿਆਂ ਹੋਇਆਂ ਵੀ ਪੱਛੜੀ ਜ਼ੁਬਾਨ ਕਿਉਂ ਹੈ ? ਦੁਨੀਆਂ ਦੀਆਂ ਪਹਿਲੀਆਂ 13 ਜ਼ੁਬਾਨਾਂ ਵਿਚ ਬੋਲੀ ਜਾਣ ਵਾਲੀ ਜ਼ੁਬਾਨ ਦੇ ਬਾਵਜੂਦ ਇਸਨੂੰ ਇਸਦਾ ਬਣਦਾ ਸਥਾਨ ਕਿਉਂ ਨਹੀਂ ਮਿਲਿਆ ? ਇਹ ਜ਼ੁਬਾਨ ਰੁਜ਼ਗਾਰ ਦੀ ਜ਼ੁਬਾਨ ਕਿਉਂ ਨਹੀਂ ਬਣੀ ?

ਅੱਜ ਦੇ ਇਸ ਪਰਚੇ ਵਿਚ ਮੈਂ ਇਸੇ ਸਵਾਲ 'ਤੇ ਚਰਚਾ ਕਰਨ ਦੀ ਕੋਸ਼ਿਸ ਕਰ ਰਹੀ ਹਾਂ ਕਿ ਪੰਜਾਬੀ ਜ਼ੁਬਾਨ ਰੁਜ਼ਗਾਰ ਦੀ ਜ਼ੁਬਾਨ ਕਿਉਂ ਨਹੀਂ ਬਣੀ ? ਅਸੀਂ ਜਾਣਦੇ ਹਾਂ ਕਿ ਭਾਸ਼ਾ, ਬੋਲੀ ਤੇ ਆਰਥਿਕਤਾ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੁੰਦਾ ਹੈ। ਦੇਖਣ ਨੂੰ ਬੋਲੀ, ਸਿਰਫ ਸੰਚਾਰ ਸਾਧਨ ਦਾ ਇਕ ਜ਼ਰੀਆ ਲਗਦੀ ਹੈ ਪਰ ਅਸਲ ਵਿਚ ਬੋਲੀ ਕੇਵਲ ਸੰਚਾਰ ਦਾ ਇਕ ਸਾਧਨ ਹੀ ਨਹੀਂ ਹੈ ਬਲਕਿ ਕਿਸੇ ਵੀ ਕੌਮ ਦੀ ਬੋਲੀ ਤੇ ਭਾਸ਼ਾ ਉਸ ਕੌਮ ਦੇ ਸਭਿਆਚਾਰ ਦੀ ਹੋਂਦ, ਸਥਾਪਤੀ ਤੇ ਨਿਰੰਤਰਤਾ ਦਾ ਵੀ ਇਕ ਸੰਕੇਤ ਹੁੰਦੀ ਹੈ। ਭਾਸ਼ਾ ਵਿਅਕਤੀ ਦੀ ਮਾਨਸਿਕਤਾ, ਬੌਧਿਕ ਸਮਰੱਥਾ ਤੋਂ ਲੈ ਕੇ ਕਿਸੇ ਕੌਮ ਜਾਂ ਸਭਿਆਚਾਰਕ ਸਮੂਹ ਦੀ ਸਵੈ ਪਛਾਣ ਅਤੇ ਰਾਜਸੀ ਦਰਜੇ ਨੂੰ ਪ੍ਰਤੀਬਿੰਬ ਕਰਨ ਵਾਲਾ ਇਕ ਮਹੱਤਵਪੂਰਨ ਤੱਥ ਹੈ। ਭਾਸ਼ਾ ਇਕ ਸਮਾਜ ਤੇ ਇਕ ਕੌਮ ਦੇ ਲੋਕਾਂ ਵਿਚ ਏਕਤਾ ਤੇ ਸਾਂਝੀਵਾਲਤਾ ਸਥਾਪਤ ਕਰਨ ਦਾ ਕਾਰਜ ਨਿਭਾਉਂਦੀ ਹੈ। ਇਸੇ ਕਰਕੇ ਹਰ ਸਮਾਜ ਵਿਚ ਅਚੇਤ ਜਾਂ ਸੁਚੇਤ ਤੌਰ 'ਤੇ ਸਾਰੇ ਮਨੁੱਖ ਆਪਣੀ ਭਾਸ਼ਾ ਅਤੇ ਬੋਲੀ ਨਾਲ ਭਾਵੁਕ ਤੌਰ 'ਤੇ ਜੁੜੇ ਹੁੰਦੇ ਹਨ। ਭਾਸ਼ਾ ਪ੍ਰਤੀ ਆਮ ਲੋਕਾਂ ਦੀ ਭਾਵੁਕਤਾ ਨੂੰ ਕਈ ਵਾਰ ਰਾਜਨੀਤਿਕ ਅਤੇ ਪ੍ਰਬੰਧਕੀ ਅਦਾਰੇ ਆਪਣੇ ਨਿੱਜੀ ਜਾਂ ਸਮੂਹਿਕ ਹਿੱਤਾਂ ਲਈ ਵਰਤ ਲੈਂਦੇ ਹਨ। ਭਾਸ਼ਾਵਾਂ ਕੌਮਾਂ ਅਤੇ ਸਭਿਆਚਾਰ ਦੀ ਪ੍ਰਗਤੀ ਨਾਲ ਪ੍ਰਫੁਲਿਤ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਪਤਨ ਨਾਲ ਹੀ ਮਰ ਮੁੱਕ ਜਾਂਦੀਆਂ ਹਨ। ਭਾਸ਼ਾ ਦੀ ਇਸ ਬਹੁਪੱਖੀ ਮਹੱਤਤਾ ਦੇ ਪ੍ਰਸੰਗ ਵਿਚ ਜੇ ਪੰਜਾਬੀ ਦੀ ਸਥਿਤੀ ਨੂੰ ਵਿਚਾਰੀਏ ਤਾਂ ਇਕ ਕੌੜੀ ਸੱਚਾਈ ਦਾ ਗਿਆਨ ਹੁੰਦਾ ਹੈ ਕਿ ਪੰਜਾਬ ਦੇ ਆਰਥਿਕ ਰਾਜਸੀ ਵਿਕਾਸ ਬਾਰੇ ਗੱਲਾਂ ਕਰਨ ਵਾਲੇ ਲੋਕਾਂ ਦਾ ਖਿਆਲ ਹੈ ਕਿ ਪੰਜਾਬੀ ਪਛੜਿਆਂ ਹੋਇਆਂ ਦੀ ਭਾਸ਼ਾ ਹੈ ਇਸ ਵਿਚ ਗਿਆਨ ਵਿਗਿਆਨ ਦੀ ਗੱਲ ਨਹੀਂ ਕੀਤੀ ਜਾ ਸਕਦੀ ਅਤੇ ਇਸ ਨੂੰ ਉਚੇਰੀ ਸਿੱਖਿਆ ਦਾ ਮਾਧਿਅਮ ਨਹੀਂ ਬਣਾਇਆ ਜਾ ਸਕਦਾ। ਇਸ ਵਿਚ ਗਿਆਨ ਵਿਗਿਆਨ ਅਤੇ ਟੈਕਨੌਲਜੀ ਨਾਲ ਸੰਬੰਧਿਤ ਗੱਲਾਂ ਨੂੰ ਪਰਗਟ ਕਰਨ ਦੀ ਸਮਰੱਥਾ ਨਹੀਂ ਹੈ। ਇਸ ਲਈ ਇਸ ਨੂੰ ਰੋਜ਼ੀ ਰੋਟੀ ਜਾਂ ਰੁਜ਼ਗਾਰ ਦੀ ਭਾਸ਼ਾ ਨਹੀਂ ਬਣਾਇਆ ਜਾ ਸਕਦਾ।

ਪਹਿਲਾਂ ਪਹਿਲ ਅਧਿਆਤਮਕ ਦਰਸ਼ਨ ਕਰਨ ਦੀਆਂ ਗੱਲਾਂ ਕਰਨ ਲਈ ਕੇਵਲ ਤੇ ਕੇਵਲ ਵੈਦਿਕ ਸੰਸਕ੍ਰਿਤ ਨੂੰ ਹੀ ਸਮਰੱਥ ਸਮਝਿਆ ਜਾਂਦਾ ਸੀ। ਪਰ ਪਾਲੀ ਭਾਸ਼ਾ ਵਿਚ ਆਏ ਬੋਧੀ ਧਰਮ ਗ੍ਰੰਥ ਧਰਮਪਦ ਅਤੇ ਪੰਜਾਬੀ ਵਿਚ ਆਏ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸੰਸਕ੍ਰਿਤ ਭਾਸ਼ਾ ਦੇ ਏਕਾਧਿਕਾਰ ਨੂੰ ਵੰਗਾਰਿਆ। ਜੇ ਕਈ ਸੌ ਸਾਲ ਪਹਿਲਾਂ ਅਧਿਆਤਮਕ ਗੱਲਾਂ, ਗੁਰਮਤਿ ਦਰਸ਼ਨ ਦੀਆਂ ਗੱਲਾਂ ਪੰਜਾਬੀ ਵਿਚ ਸੰਭਵ ਹਨ ਤਾਂ ਹੁਣ ਵਿਗਿਆਨ ਖੋਜ ਦੀਆਂ ਗੱਲਾਂ ਕਿਵੇਂ ਨਹੀਂ ਕੀਤੀਆਂ ਜਾ ਸਕਦੀਆਂ? ਜਿਸ ਭਾਸ਼ਾ ਵਿਚ ਘੱਟੋ ਘੱਟ ਹਜ਼ਾਰ ਸਾਲ ਤੋਂ ਉੱਚ ਕੋਟੀ ਦਾ ਸਾਹਿਤ ਰਚਿਆ ਜਾ ਰਿਹਾ ਹੋਵੇ ਉਸ ਦੀ ਸਮਰੱਥਾ ਤੇ ਕਿੰਤੂ ਪ੍ਰੰਤੂ ਕਰਨਾ ਬਿਲਕੁਲ ਨਾਵਾਜਿਬ ਹੈ। ਜੇ ਅਸੀਂ ਪੰਜਾਬੀ ਸ਼ਬਦਾਵਲੀ ਦੀ ਸਮਰੱਥਾ ਨੂੰ ਗਿਆਨ ਲਈ ਵਰਤਿਆ ਹੀ ਨਹੀਂ ਤਾਂ ਦੋਸ਼ ਪੰਜਾਬੀ ਜ਼ੁਬਾਨ ਦਾ ਨਹੀਂ ਹੈ। ਕੀ ਕਿਸੇ ਅਸਲ ਪੰਜਾਬੀ ਜਾਨਣ ਵਾਲੇ ਸਾਹਮਣੇ ਕਦੇ ਇਹ ਸਮੱਸਿਆ ਆਈ ਹੈ ਕਿ ਉਹ ਉਚੇਚੇ ਗਿਆਨ ਲਈ ਪੰਜਾਬੀ ਦੀ ਵਰਤੋਂ ਕਰ ਰਿਹਾ ਹੋਵੇ ਤਾਂ ਉਸਨੂੰ ਪੰਜਾਬੀ ਵਿਚ ਢੁਕਵੇਂ ਸ਼ਬਦ ਹੀ ਨਾ ਮਿਲੇ ਹੋਣ ਜਾਂ ਪ੍ਰਾਪਤ ਸ਼ਬਦਾਂ ਦੇ ਅਧਾਰ ਤੇ ਨਵਾਂ ਸ਼ਬਦ ਨਾ ਘੜਿਆ ਜਾ ਸਕਿਆ ਹੋਵੇ? ਇਹ ਧਾਰਨਾ ਬਣਾਉਣਾ ਕਿ ਵਿਗਿਆਨਕ ਖੋਜ ਦੀਆਂ ਗੱਲਾਂ ਪੰਜਾਬੀ ਵਿਚ ਨਹੀਂ ਹੋ ਸਕਦੀਆਂ ਕੀ ਇਹ ਪੰਜਾਬੀ ਭਾਸ਼ਾ ਦੀ ਕੋਈ ਭਾਸ਼ਾ ਵਿਗਿਆਨਕ ਅਸਮਰੱਥਾ ਹੈ ਜਾ ਇਸ ਨੂੰ ਇਸ ਤਰ੍ਹਾਂ ਪੇਸ਼ ਕਰਨ ਜਾਂ ਅਪਾਹਜ ਬਣਾਉਣ ਦੀ ਇਕ ਨਿਰੰਤਰ ਰਾਜਸੀ ਚਾਲ ਹੈ? ਇਹ ਇਕ ਅਜਿਹੀ ਵੰਗਾਰ ਹੈ ਜਿਸ ਦਾ ਜਵਾਬ ਅੱਜਕੱਲ੍ਹ ਦੇ ਲੇਖਕਾਂ, ਬੁੱਧੀਜੀਵੀਆਂ ਭਾਸ਼ਾ ਵਿਗਿਆਨੀਆਂ ਅਤੇ ਆਗੂਆਂ ਨੂੰ ਦੇਣਾ ਪਵੇਗਾ।

ਪੰਜਾਬੀ ਦੀ ਸਮਰੱਥਾ ਨੂੰ ਪੂਰੀ ਤਰ੍ਹਾਂ ਨਕਾਰ ਕੇ ਲੋਕਾਂ ਦੀ ਸੋਚ ਵਿਚ ਇਹ ਪਛੜਾਪਨ ਭਰ ਦਿੱਤਾ ਗਿਆ ਹੈ ਕਿ ਜੇ ਉਨ੍ਹਾਂ ਦੀ ਸਿੱਖਿਆ ਦਾ ਮਾਧਿਅਮ ਪੰਜਾਬੀ ਹੋਏਗਾ ਤਾਂ ਉਹ ਜ਼ਿਆਦਾ ਉੱਚੇ ਪੱਧਰ ਦੀ ਸਿੱਖਿਆ ਪ੍ਰਾਪਤ ਨਹੀਂ ਕਰ ਸਕਣਗੇ ਅਤੇ ਉੱਚੇ ਅਹੁਦਿਆਂ ਤੇ ਨਹੀਂ ਪੁਹੰਚ ਸਕਣਗੇ। ਉਧਰ ਹਾਲਾਤ ਇਹ ਬਣੇ ਹੋਏ ਹਨ ਕਿ ਹਰ ਕੋਈ ਚਾਹੁੰਦਾ ਹੈ ਕਿ ਉਸਦਾ ਬੱਚਾ ਡਾਕਟਰ ਜਾਂ ਇੰਜੀਨੀਅਰ ਹੀ ਬਣੇ ਤਾਂ ਦੂਜੇ ਪਾਸੇ ਧਾਰਨਾ ਇਹ ਹੈ ਕਿ ਇਹ ਪੰਜਾਬੀ ਰਾਹੀਂ ਸੰਭਵ ਨਹੀਂ ਹੈ। ਪੰਜਾਬੀ ਵਿਚ ਇਨ੍ਹਾਂ ਉਚੇਚੇ ਵਿਗਿਆਨਾਂ ਨੂੰ ਪ੍ਰਗਟਾਉਣ ਦੀ ਸਮਰੱਥਾ ਨਹੀਂ ਹੈ। ਸਿੱਖਿਆ ਦਾ ਸੰਬੰਧ ਇਕ ਗੱਲ ਤਾਂ ਮੈਂ ਇਹ ਜ਼ਰੂਰ ਕਹਿਣਾ ਚਾਹਾਂਗੀਂ ਕਿ ਹਾਸਿਲ ਕਰਨਾ ਹੀ ਨਹੀਂ ਹੁੰਦਾ ਬਲਕਿ ਸਿੱਖਿਆ ਤਾਂ ਵਿਅਕਤੀ ਦੇ ਬਹੁਪੱਖੀ ਸ਼ਖ਼ਸੀਅਤ ਨੂੰ ਉਭਾਰਨ ਤੇ ਵਿਕਾਸ ਕਰਨ ਦਾ ਇਕ ਮਾਧਿਅਮ ਬਣਦੀ ਹੈ। ਮਨੁੱਖ ਨੂੰ ਸਮਾਜਿਕ ਜੀਵ ਬਣਾਉਣ ਵਿਚ ਭਾਸ਼ਾ ਸਾਹਿਤ, ਇਤਿਹਾਸ ਅਤੇ ਸਭਿਆਚਾਰ ਦੀ ਅੱਖੋਂ ਨਾ ਪਰੋਖੇ ਕੀਤਾ ਜਾਣ ਵਾਲਾ ਭੂਮਿਕਾ ਹੈ। ਭਾਸ਼ਾ ਮਨੁੱਖ ਵਿਚ ਮਾਨਵੀ ਗੁਣਾਂ ਦਾ ਵਿਕਾਸ ਕਰਦੀ ਹੈ। ਸਿੱਖਿਆ ਮਨੋਵਿਗਿਆਨੀਆਂ ਦਾ ਖਿਆਲ ਹੈ ਕਿ ਹਰ ਸਮਾਜ ਦੇ ਆਪਣੇ ਵੱਖਰੇ ਸਭਿਆਚਾਰਕ ਪ੍ਰਬੰਧਕ ਹੁੰਦੇ ਹਨ ਜਿਨ੍ਹਾਂ ਨੂੰ ਵਿਅਕਤੀ ਚੇਤ ਅਤੇ ਅਚੇਤ ਤੌਰ 'ਤੇ ਗ੍ਰਹਿਣ ਕਰਦਾ ਰਹਿੰਦਾ ਹੈ। ਇਹ ਹੀ ਉਸ ਦੀ ਗਿਆਨ ਪ੍ਰਾਪਤੀ ਦਾ ਬੁਨਿਆਦੀ ਸੋਮਾ ਹੁੰਦੇ ਹਨ। ਹੁਣ ਜੇ ਇਸ ਸੰਦਰਭ ਵਿਚ ਅਸੀਂ ਪੰਜਾਬੀ ਭਾਸ਼ਾ ਦਾ ਸਿੱਖਿਆ ਦੇ ਮਾਧਿਅਮ ਨਾ ਹੋਣ ਵਜੋਂ ਗੱਲ ਕਰੀਏ ਤਾਂ ਕਈ ਸਵਾਲ ਖੜ੍ਹੇ ਹੋ ਜਾਂਦੇ ਹਨ ਮਸਲਨ ਕੀ ਬੱਚਿਆਂ ਨੂੰ ਮਾਤ ਭਾਸ਼ਾ ਤੋਂ ਵਾਂਝਿਆਂ ਕਰਕੇ ਅਸੀਂ ਉਨ੍ਹਾਂ ਨੂੰ ਸਭਿਆਚਾਰੀਕਰਨ ਦੇ ਸਰੋਤਾਂ ਤੋਂ ਵਿਰਵੇ ਨਹੀਂ ਕਰ ਰਹੇ? ਸਿੱਖਿਆ ਦੇ ਮਾਧਿਅਮ ਰਾਹੀਂ ਜਾਂ ਕਿਸੇ ਵੀ ਹੋਰ ਤਰੀਕੇ ਰਾਹੀਂ ਜਦੋਂ ਅਸੀਂ ਉਨ੍ਹਾਂ ਤੇ ਵਿਦੇਸ਼ੀ ਭਾਸ਼ਾਵਾਂ ਦੇ ਉਨ੍ਹਾਂ ਸ਼ਬਦਾਂ ਦੀ ਵਾਛੜ ਕਰਦੇ ਹਾਂ ਜਿਨ੍ਹਾਂ ਦਾ ਉਨ੍ਹਾਂ ਦਾ ਰੋਜ਼ਮਰ੍ਹਾ ਦੀ ਜ਼ਿੰਦਗੀ ਨਾਲ ਕੋਈ ਵਾਹ ਵਾਸਤਾ ਨਹੀਂ ਪੈਂਦਾ ਜਾਂ ਕਹਿ ਲਓ ਕਿ ਉਹ ਸ਼ਬਦ ਜਿਨ੍ਹਾਂ ਦਾ ਉਨ੍ਹਾਂ ਦੇ ਸਮਾਜਿਕ ਜੀਵਨ ਨਾਲ ਕੋਈ ਸਰੋਕਾਰ ਨਹੀਂ ਹੁੰਦਾ ਕੀ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਅੰਦਰ ਸਿੱਖਿਆ ਪ੍ਰਣਾਲੀ ਤੋਂ ਅਲਗਾਵ ਦੀ

ਭਾਵਨਾ ਪੈਦਾ ਨਹੀਂ ਹੋ ਜਾਂਦੀ? ਮਾਤ ਭਾਸ਼ਾ ਤੋਂ ਵਾਂਝਿਆ ਕਰਕੇ ਕੀ ਅਸੀਂ ਸਮਾਜਿਕ ਰੂਪ ਵਿਚ ਉਪਰੇ ਨਾਗਰਿਕ ਤਾਂ ਨਹੀਂ ਪੈਦਾ ਕਰ ਰਹੇ? ਇਹ ਸਾਰੇ ਸਵਾਲ ਡੂੰਘੇ ਅਧਿਐਨ ਅਤੇ ਖੋਜ ਦੀ ਮੰਗ ਕਰਦੇ ਹਨ।

ਜੇ ਰਾਜਸੀ ਨਜ਼ਰੀਏ ਤੋਂ ਝਾਤੀ ਮਾਰੀਏ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਪੰਜਾਬੀ ਨੂੰ ਕੌਮੀ ਭਾਸ਼ਾ ਤਾਂ ਸੰਵਿਧਾਨ ਬਣਾਉਣ ਵੇਲੇ ਹੀ ਮੰਨ ਲਿਆ ਗਿਆ ਸੀ। ਹਰਿਆਣੇ ਨੂੰ ਅਲੱਗ ਕਰਨ ਤੋਂ ਬਆਦ ਪੰਜਾਬੀ ਨੂੰ ਪੰਜਾਬ ਪ੍ਰਾਂਤ ਦੀ ਸਰਕਾਰੀ ਭਾਸ਼ਾ ਦਾ ਦਰਜਾ ਵੀ ਦੇ ਦਿੱਤਾ ਗਿਆ ਸੀ। ਪਰ ਤ੍ਰਾਸਦੀ ਇਹ ਹੈ ਕਿ ਇਸ ਦੇ ਬਾਵਜੂਦ ਪੰਜਾਬੀ ਨੂੰ ਨਾ ਤਾਂ ਉਚੇਰੀ ਸਿੱਖਿਆ ਦੇ ਮਾਧਿਅਮ ਵਜੋਂ ਵਰਤਣ ਦੇ ਪ੍ਰਬੰਧ ਕੀਤੇ ਗਏ ਅਤੇ ਨਾ ਹੀ ਪੰਜਾਬੀ ਨੂੰ ਉਸਦਾ ਬਣਦਾ ਸਤਿਕਾਰ ਭਾਵ ਥਾਂ ਪ੍ਰਾਪਤ ਹੋਇਆ ਹੈ। ਅਸਲ ਵਿਚ ਕਿਸੇ ਵੀ ਭਾਸ਼ਾ ਦੇ ਵਿਕਾਸ ਸੰਬੰਧੀ ਇਕ ਪੂਰੀ ਯੋਜਨਾਬੰਦੀ ਦੀ ਜ਼ਰੂਰਤ ਹੁੰਦੀ ਹੈ। ਜਿਨ੍ਹਾਂ ਦੇਸ਼ਾਂ ਜਿਵੇਂ ਕਿ ਰੂਸ, ਚੀਨ, ਜਰਮਨ, ਪੁਰਤਗਾਲ, ਕੋਰੀਆ ਆਦਿ ਨੇ ਆਪਣੀਆਂ ਮਾਤ ਭਾਸ਼ਾਵਾਂ ਦਾ ਵਿਕਾਸ ਕੀਤਾ ਹੈ ਉਨ੍ਹਾਂ ਦੇਸ਼ਾਂ ਵਿਚ ਭਾਸ਼ਾ ਦੀ ਯੋਜਨਾਬੰਦੀ ਦੇਸ਼ ਦੀਆਂ ਵਿਕਾਸ ਯੋਜਨਾਵਾਂ ਦਾ ਅੰਗ ਸਮਝੀ ਜਾਂਦੀ ਹੈ। ਇਸ ਲਈ ਸਰਕਾਰੀ ਪੱਧਰ ’ਤੇ ਬਕਾਇਦਾ ਤੌਰ ’ਤੇ ਇਕ ਵੱਖਰਾ ਅਦਾਰਾ ਸਥਾਪਿਤ ਕੀਤਾ ਜਾਂਦਾ ਹੈ। ਇਸ ਸੰਬਧ ਵਿਚ ਅਨੇਕਾਂ ਉਦਾਹਰਣਾਂ ਮੌਜੂਦ ਹਨ ਜੋ ਕੀਤੀ ਯੋਜਨਾਬੰਦੀ ਨੂੰ ਦਰਸਾਉਂਦੀਆਂ ਹਨ। ਫਰਾਂਸੀਸੀ ਭਾਸ਼ਾ ਦੀ ਯੋਜਨਾਬੰਦੀ ਦੀ ਇਕ ਉਦਹਾਰਣ ਪੇਸ਼ ਕੀਤੀ ਜਾ ਸਕਦੀ ਹੈ। ਫਰਾਂਸੀਸੀ ਭਾਸ਼ਾ ਦੇ ਵਿਕਾਸ ਲਈ ਫਰਾਂਸੀਸੀ ਦੀ ਸਰਕਾਰ ਨੇ ਸੰਨ 1635 ਵਿਚ ਫਰਾਂਸੀਸੀ ਅਕਾਦਮੀ ਸਥਾਪਿਤ ਕੀਤੀ। ਇਸ ਤੋਂ ਪਹਿਲਾਂ ਵਧੇਰੇ ਬੁੱਧੀਜੀਵੀ ਫਰਾਂਸੀਸੀ ਦੀ ਥਾਂ ਇਟਾਲੀਅਨ, ਸਪੈਨਿਸ਼ ਆਦਿ ਭਾਸ਼ਾਵਾਂ ਸਭਿਆਚਾਰਕ ਬੋਲ ਬਾਲ ਅਤੇ ਲਿਖਣ ਲਈ ਵਰਤਦੇ ਸਨ ਪਰ ਸਰਕਾਰੀ ਯਤਨਾਂ ਸਦਕਾ ਅਕਾਦਮੀ ਨੇ ਫਰਾਂਸੀਸੀ ਸ਼ਬਦ, ਵਿਆਕਰਨ, ਰਸਮੀ ਬੋਲਚਾਲ ਅਤੇ ਮਿਆਰੀ ਲਿਖਤ ਵਿਚ ਫਰਾਂਸੀਸੀ ਭਾਸ਼ਾ ਨੂੰ ਵਰਤੋਂ ਵਿਚ ਲਿਆਉਣਾ ਯਕੀਨੀ ਬਣਾ ਦਿੱਤਾ। ਭਾਸ਼ਾ ਯੋਜਨਾਬੰਦੀ ਇਕ ਅਜਿਹੀ ਪ੍ਰਕਿਰਿਆ ਹੈ। ਜਿਸ ਨੂੰ ਚਲਦੇ ਰੱਖਣ ਲਈ ਆਰਥਿਕ ਤੇ ਰਾਜਨੀਤਕ ਸਥਿਤੀਆਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ ਭਾਸ਼ਾ ਵਿਗਿਆਨੀ ਕਿਸੇ ਵੀ ਭਾਸ਼ਾ ਦੀ ਸਮਰੱਥਾ ਵਧਾਉਣ ਜਾਂ ਭਾਸ਼ਾਈ ਸਮੱਗਰੀ ਪ੍ਰਦਾਨ ਕਰ ਵਿਚ ਸਹਾਇਕ ਹੋ ਸਕਦੇ ਹਨ ਪਰ ਅਸਲੀ ਪੱਧਰ ’ਤੇ ਇਸਦੀ ਸਫ਼ਲਤਾ ਪ੍ਰਬੰਧਕੀ ਅਤੇ ਰਾਜਨੀਤਕ ਢਾਂਚੇ ਦੀ ਪ੍ਰਕਿਰਤੀ ਤੇ ਹੀ ਨਿਰਭਰ ਕਰਦੀ ਹੈ।

ਪੰਜਾਬੀ ਨੂੰ ਦਿੱਤੀ ਗਈ ਕਨੂੰਨੀ ਮਾਨਤਾ ਦੇ ਬਾਵਜੂਦ ਜੇ ਪੰਜਾਬੀ ਅੱਜ ਨਾ ਤਾਂ ਉਚੇਰੀ ਸਿੱਖਿਆ ਦਾ ਮਾਧਿਅਮ ਬਣ ਸਕੀ ਹੈ ਤੇ ਨਾ ਹੀ ਇਸ ਨੂੰ ਸਹੀ ਮਾਅਨਿਆਂ ਵਿਚ ਰਾਜ ਭਾਸ਼ਾ ਦਾ ਦਰਜਾ ਮਿਲਿਆ ਹੈ ਅਤੇ ਨਾ ਹੀ ਇਹ ਲੋਕਾਂ ਵਿਚ ਰੁਜ਼ਗਾਰ ਪ੍ਰਾਪਤੀ ਦਾ ਸਾਧਨ ਬਣ ਸਕੀ ਹੈ ਇਸ ਪਿੱਛੇ ਰਾਜਨੀਤਕ ਸ਼ਕਤੀਆਂ ਦਾ ਪੰਜਾਬੀ ਪ੍ਰਤੀ ਗੈਰ ਭਾਸ਼ਾ ਵਿਗਿਆਨਕ ਵਤੀਰਾ ਸਭ ਤੋਂ ਵੱਡਾ ਕਾਰਨ ਬਣਦਾ ਹੈ। ਸਾਡੇ ਹੁਣ ਤੱਕ ਦੇ ਰਾਜਸੀ ਪ੍ਰਬੰਧ ਜਿਨ੍ਹਾਂ ਨੇ ਵਿਦਿਅਕ ਪ੍ਰਬੰਧ, ਸਿੱਖਿਆ ਦੀ ਨੀਤੀ, ਭਾਸ਼ਾ ਨੀਤੀ ਅਤੇ ਰੁਜ਼ਗਾਰ ਨੀਤੀ ਆਦਿ ਸੰਬੰਧੀ ਬੁਨਿਆਦੀ ਚੌਖਟਾ ਤਿਆਰ ਕਰਨਾ ਹੁੰਦਾ ਹੈ ਉਨ੍ਹਾਂ ਦਾ ਪੰਜਾਬੀ ਨਾਲ ਸਲੂਕ ਹਮੇਸ਼ਾਂ ਮਤਰੇਆਂ ਵਰਗਾ ਹੀ ਰਿਹਾ ਹੈ। ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਦਿੱਤੇ ਜਾਣ ਦੇ ਬਾਵਜੂਦ ਵੀ 40 ਸਾਲ ਹੋ ਗਏ ਹਨ ਅਜੇ ਤੱਕ ਸਾਰੇ ਸਰਕਾਰੀ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਨਾਲ ਕੰਮਕਾਜ ਦੀ ਭਾਸ਼ਾ ਵਜੋਂ ਲਾਗੂ ਨਹੀਂ ਕੀਤਾ ਜਾ ਸਕਿਆ। ਭਾਸ਼ਾ ਵਿਭਾਗ ਪੰਜਾਬ ਦੇ ਹਵਾਲੇ ਨਾਲ ਛਪੀ ਇਕ ਰਿਪੋਰਟ ਮੁਤਾਬਿਕ ਸੰਨ 2002 ਵਿਚ ਭਾਸ਼ਾ ਵਿਭਾਗ ਵੱਲੋਂ 694 ਸਰਕਾਰੀ ਦਫ਼ਤਰਾਂ ਦਾ ਮੁਆਇਨਾ ਕੀਤਾ ਗਿਆ। ਅਚਾਨਕ ਮਾਰੇ ਛਾਪਿਆਂ ਦੌਰਾਨ ਪਤਾ ਲੱਗਾ ਕਿ ਇਨ੍ਹਾਂ ਦਫ਼ਤਰਾਂ ਵਿਚ 261 ਅਧਿਕਾਰੀ ਅਤੇ 431 ਕਰਮਚਾਰੀ ਦਫ਼ਤਰੀ ਕੰਮ ਕਾਜ ਵਿਚ ਬਿਲਕੁਲ ਪੰਜਾਬੀ ਦੀ ਵਰਤੋਂ ਨਹੀਂ ਸਨ ਕਰ ਰਹੇ। ਜਦੋਂ ਕਿ ਪੰਜਾਬ

ਰਾਜ ਭਾਸ਼ਾ ਐਕਟ 29 ਦਸੰਬਰ 1967 ਨੂੰ ਵਿਧਾਨ ਮੰਡਲ ਵਿਚ ਪਾਸ ਹੋ ਚੁੱਕਿਆ ਸੀ ਅਤੇ ਇਸ ਐਕਟ ਅਨੁਸਾਰ ਪਹਿਲੀ ਜਨਵਰੀ 1968 ਤੋਂ ਜ਼ਿਲ੍ਹਾ ਪੱਧਰ 'ਤੇ ਪੰਜਾਬੀ ਲਾਗੂ ਕਰ ਦਿੱਤੀ ਗਈ ਸੀ। ਸੋ ਇਸ ਰਿਪੋਰਟ ਮੁਤਾਬਿਕ ਕਨੂੰਨ ਦੇ ਲਾਗੂ ਹੋਣ ਤੋਂ 34 ਸਾਲ ਬਾਅਦ ਤੱਕ ਵੀ ਜੋ ਨਤੀਜਾ ਸਾਹਮਣੇ ਆਇਆ ਹੈ ਉਹ ਆਪ ਸਭ ਦੇ ਸਾਹਮਣੇ ਹੀ ਹੈ। ਜੇ ਮਿਥ ਕੇ ਸਾਰੇ ਹੀ ਸਰਕਾਰੀ ਦਫ਼ਤਰਾਂ ਵਿਚ ਛਾਪੇ ਮਾਰੇ ਜਾਣ ਤਾਂ ਨਤੀਜਾ ਕਿਹੋ ਜਿਹਾ ਹੋਵੇਗਾ। ਸ਼ਾਇਦ ਇਸ ਲਈ ਕੁੱਝ ਕਹਿਣ ਦੀ ਜ਼ਰੂਰਤ ਨਹੀਂ ਹੈ। ਜੇ ਸਰਕਾਰੀ ਅਦਾਰਿਆਂ ਦੀ ਇਹ ਸਥਿਤੀ ਹੈ ਤਾਂ ਪ੍ਰਾਈਵੇਟ ਅਦਾਰਿਆਂ ਬਾਰੇ ਕੀ ਕਲਪਨਾ ਕੀਤੀ ਜਾ ਸਕਦੀ ਹੈ?

ਇਕ ਕੌਮ ਦੀ ਕੌਮੀ ਭਾਸ਼ਾ ਨੂੰ ਵਿਕਸਤ ਕਰਨ ਲਈ ਉਸਦੇ ਯੋਜਨ ਕਾਰਾਂ ਨੂੰ ਇਹ ਗੱਲ ਹਮੇਸ਼ਾ ਸਾਹਮਣੇ ਰੱਖ ਕੇ ਚੱਲਣੀ ਹੋਵੇਗੀ ਕਿ ਵੱਖ-ਵੱਖ ਮਨੋਵਿਗਿਆਨੀਆਂ ਦੁਆਰਾ ਕੀਤੀਆਂ ਖੋਜਾਂ ਰਾਹੀਂ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਵਿਅਕਤੀ ਨੂੰ ਮਾਤ ਭਾਸ਼ਾ ਰਾਹੀਂ ਹੀ ਵਧੇਰੇ ਚੰਗੀ ਤਰ੍ਹਾਂ ਅਤੇ ਅਸਰਦਾਰ ਢੰਗ ਨਾਲ ਪੜ੍ਹਾਇਆ ਜਾ ਸਕਦਾ ਹੈ। ਜਦੋਂ ਵਿਦਿਆਰਥੀ ਨੂੰ ਉਸਦੀ ਮਾਂ ਬੋਲੀ ਰਾਹੀਂ ਪੜ੍ਹਾਇਆ ਜਾਵੇ ਤਾਂ ਉਸਦੀ ਗ੍ਰਹਿਣ ਕਰਨ ਦੀ ਅਤੇ ਗੱਲ ਕਹਿਣ ਦੀ ਸਮਰੱਥਾ ਵੱਧ ਜਾਂਦੀ ਹੈ, ਉਸਦੀ ਆਪਣੇ ਵਿਸ਼ੇ 'ਤੇ ਪਕੜ ਵਧ ਜਾਂਦੀ ਹੈ ਅਤੇ ਉਹ ਪੜ੍ਹਾਈ ਜਾ ਰਹੀ ਗੱਲ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਦਾ ਹੈ ਅਤੇ ਦੇਰ ਤੱਕ ਇਹ ਗੱਲਾਂ ਉਸ ਦੀ ਯਾਦ ਸ਼ਕਤੀ ਦਾ ਅੰਗ ਬਣੀਆਂ ਰਹਿੰਦੀਆਂ ਹਨ। ਯੂਨਾਈਟਡ ਨੇਸ਼ਨਜ ਦੇ ਮਨੁੱਖੀ ਅਧਿਕਾਰਾਂ ਦੀ ਘੋਸ਼ਣਾ ਪੱਤਰ ਵਿਚ ਵੀ ਮੁਢਲੀ ਸਿੱਖਿਆ ਬੱਚੇ ਦੀ ਮਾਤ ਭਾਸ਼ਾ ਵਿਚ ਦੇਣ ਦੇ ਅਧਿਕਾਰ ਦੀ ਗੱਲ ਕੀਤੀ ਗਈ ਹੈ। ਭਾਰਤ ਵਿਚ ਸਕੂਲੀ ਸਿੱਖਿਆ ਨਾਲ ਸੰਬੰਧਿਤ ਖੋਜ ਅਤੇ ਸਿਖਲਾਈ ਦੀ ਕੌਮੀ ਪਰਿਸ਼ਦ ਐਨ ਸੀ.ਈ.ਆਰ.ਟੀ. ਨੇ ਨੈਸ਼ਨਲ ਕਰੀਕਲਮ ਫਰੇਮਵਰਕ ਨਾਂ ਦੀ ਇਕ ਪੁਸਤਕ ਛਾਪੀ ਹੈ ਜਿਸ ਵਿਚ ਸਕੂਲੀ ਸਿੱਖਿਆ ਦੀ ਸਿਲੇਬਸ ਕੀ ਹੋਵੇ ਦਾ ਵੇਰਵਾ ਦਿੱਤਾ ਗਿਆ ਹੈ। ਸਕੀਮ ਆਫ ਸਟਡੀਜ਼ ਦੇ ਅੰਤਰਗਤ ਪ੍ਰਾਇਮਰੀ ਸਕੂਲਾਂ ਦਾ ਸਿਲੇਬਸ ਪੰਨਾ 47-48 ਤੇ ਇਸ ਤਰ੍ਹਾਂ ਲਿਖਿਆ ਗਿਆ ਹੈ- ਜਮਾਤਾਂ ਪਹਿਲੀਂ ਤੋ ਤੀਜੀ

+ ਇਕ ਭਾਸ਼ਾ - ਮਾਤ ਭਾਸ਼ਾ ਜਾਂ ਪ੍ਰਦੇਸ਼ਿਕ ਭਾਸ਼ਾ

2 ਹਿਸਾਬ, 3 ਸਿਹਤਮੰਦ ਅਤੇ ਉਪਜਾਊ ਜੀਵਨ ਦੀ ਕਲਾ

ਤੀਜੀ ਤੋਂ ਪੰਜਵੀ ਤੱਕ ਇਕ ਭਾਸ਼ਾ- ਮਾਤ ਭਾਸ਼ਾ ਜਾਂ ਪ੍ਰਦੇਸ਼ਿਕ ਭਾਸ਼ਾ

ਹਿਸਾਬ, ਵਾਤਾਵਰਣ ਅਧਿਐਨ ਅਤੇ ਸਿਹਤਮੰਦ ਅਤੇ ਉਪਜਾਊ ਜੀਵਨ ਦੀ ਕਲਾ

ਪਰ ਇਥੇ ਮਸਲਾ ਇਹ ਹੈ ਕਿ ਮੁਢਲੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਵਿਦਿਆਰਥੀਆਂ ਕੋਲ ਕੋਈ ਉੱਚੀ ਕੋਟੀ ਦਾ ਸਾਹਿਤ ਹੀ ਉਪਲਬਧ ਨਹੀਂ ਹੈ ਤਾਂ ਉਹ ਪੰਜਾਬੀ ਨੂੰ ਉਚੇਰੀ ਸਿੱਖਿਆ ਦਾ ਮਾਧਿਅਮ ਕਿਵੇਂ ਬਣਾਉਣ? ਇਸੇ ਲਈ ਉਨ੍ਹਾਂ ਨੂੰ ਵਿਗਿਆਨ ਟੈਕਨੌਲਜੀ ਦੀ ਸਿੱਖਿਆ ਪ੍ਰਾਪਤ ਕਰਨ ਲਈ ਦੂਜੀਆਂ ਭਾਸ਼ਾਵਾਂ ਵੱਲ ਭੱਜਣਾ ਪੈਂਦਾ ਹੈ। ਵਿਦਿਆਰਥੀਆਂ ਨੂੰ ਪੜ੍ਹਾਉਂਦਿਆਂ ਕਈ ਵਾਰ ਅਜਿਹੇ ਵਿਦਿਆਰਥੀਆਂ ਨਾਲ ਵਾਹ ਪੈਦਾ ਹੈ ਜਿਹੜੇ ਸਕੂਲਾਂ ਵਿਚ ਮੁਢਲੀ ਸਿੱਖਿਆ ਪੰਜਾਬੀ ਵਿਚ ਹਾਸਿਲ ਕਰਦੇ ਹਨ ਅਤੇ ਜਦੋਂ ਸਾਇੰਸ ਦੇ ਕਿਸੇ ਖੇਤਰ ਵਿਚ ਉਹ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਜਾਂਦੇ ਹਨ ਤਾਂ ਕਈ ਵਾਰ ਦੂਜੀ ਭਾਸ਼ਾ ਵਿਚ ਉਪਲਬਧ ਜਾਣਕਾਰੀ ਉਨ੍ਹਾਂ ਨੂੰ ਬਹੁਤ ਓਪਰੀ ਲਗਦੀ ਹੈ। ਪੜ੍ਹਨ ਲਿਖਣ ਵਿਚ ਹੁਸ਼ਿਆਰ ਹੋਣ ਦੇ ਬਾਵਜੂਦ ਵੀ ਉਹ ਆਪਣਾ ਆਤਮ ਵਿਸ਼ਵਾਸ ਖੋ ਬੈਠਦੇ ਹਨ ਤੇ ਕਈ ਵਾਰ ਪੜ੍ਹਾਈ ਹੀ ਛੱਡ ਜਾਂਦੇ ਹਨ, ਨਿਰਾਸ਼ਾਵਾਦ ਦਾ ਸ਼ਿਕਾਰ ਹੁੰਦੇ ਹਨ, ਨਸ਼ਿਆਂ ਵਰਗੀਆਂ ਲਾਹਨਤਾਂ ਵਿਚ ਫਸ ਜਾਂਦੇ ਹਨ। ਸਮਾਜਿਕ ਸਮੱਸਿਆਵਾਂ ਵਧਦੀਆਂ ਹਨ ਤੇ ਦੋਸ਼ ਸਾਰਾ ਪੰਜਾਬੀ ਭਾਸ਼ਾ ਸਿਰ ਆ ਜਾਂਦਾ

ਹੈ। ਜਦੋਂ ਕਿ ਦੋਸ਼ ਸਾਰਾ ਉਸ ਸਿੱਖਿਆ ਨੀਤੀ ਦਾ ਹੈ ਜਿਸਨੇ ਕਦੇ ਇਸ ਵੱਲ ਗੌਰ ਹੀ ਨਹੀਂ ਫੁਰਮਾਇਆ ਕਿ ਬੱਚੇ ਨੂੰ ਹਰ ਤਰ੍ਹਾਂ ਦੀ ਵਿਦਿਆ ਜੇ ਉਸਦੀ ਮਾਤ ਭਾਸ਼ਾ ਵਿਚ ਹੀ ਕਰਵਾਈ ਜਾਵੇ ਤਾਂ ਉਹ ਕਿੰਨੀਆਂ ਕਿੱਡੀਆਂ ਵੱਡੀਆਂ-ਵੱਡੀਆਂ ਗੱਲਾਂ ਮਾਰ ਸਕਦਾ ਹੈ? ਸਾਡੇ ਸਾਹਮਣੇ ਰੂਸ, ਚੀਨ, ਜਰਮਨ, ਫਰਾਂਸ, ਪੁਰਤਗਾਲ, ਕੋਰੀਆ ਆਦਿ ਅਨੇਕਾਂ ਦੇਸ਼ਾਂ ਦੀਆਂ ਉਦਾਹਰਣਾਂ ਹਨ ਜਿੱਥੇ ਉਨ੍ਹਾਂ ਨੇ ਹਰ ਖੇਤਰ ਵਿਚ ਤਰੱਕੀ ਆਪਣੀ ਮਾਤ ਭਾਸ਼ਾ ਰਾਹੀਂ ਹੀ ਕੀਤੀ ਹੈ। ਜੇ ਇਹ ਦੇਸ਼ ਆਪਣੀ ਮਾਤਾ ਭਾਸ਼ਾ ਅਪਣਾ ਕੇ ਇੰਨਾ ਵਿਕਾਸ ਕਰ ਸਕਦੇ ਹਨ ਤਾਂ ਅਸੀਂ ਪੰਜਾਬੀ ਰਾਹੀਂ ਤਰੱਕੀ ਕਿਉਂ ਨਹੀਂ ਕਰ ਸਕਦੇ?

ਪੰਜਾਬੀ ਭਾਸ਼ਾ ਰੁਜ਼ਗਾਰ ਦਾ ਸਾਧਨ ਨਹੀਂ ਹੈ ਕਿ ਇਹ ਵੀ ਇਕ ਪਛੜਾਪਨ ਹੈ ਜਿਹੜੀ ਕਿ ਪੰਜਾਬੀਆਂ ਦੀ ਮਾਨਸਿਕਤਾ ਵਿਚ ਭਰ ਦਿੱਤਾ ਗਿਆ ਹੈ। ਰੁਜ਼ਗਾਰ ਪ੍ਰਾਪਤੀ ਦਾ ਅਰਥ ਕੇਵਲ ਸਰਕਾਰੀ ਜਾਂ ਪ੍ਰਾਈਵੇਟ ਅਦਾਰਿਆਂ ਵਿਚ ਨੌਕਰੀਆਂ ਕਰਨਾ ਹੀ ਨਹੀਂ ਹੈ। ਵੱਖ-ਵੱਖ ਕਿੱਤਿਆਂ ਵਿਚ ਲੱਗੇ ਹੋਏ ਲੋਕ ਆਪਣੇ ਕੰਮ ਕਾਰ ਨੂੰ ਪੰਜਾਬੀ ਦੀ ਵਰਤੋਂ ਰਾਹੀਂ ਬੜੇ ਸੁਚਾਰੂ ਢੰਗ ਨਾਲ ਕਰਦੇ ਹਨ। ਟਰੈਕਟਰ ਮਕੈਨਿਕ, ਸਕੂਟਰ ਮਕੈਨਿਕ, ਕਾਰ ਮਕੈਨਿਕ ਇਥੋਂ ਤੱਕ ਕਿ ਕੰਪਿਊਟਰ ਹਾਰਡਵੇਰ ਦਾ ਕੰਮ ਕਰਨ ਵਾਲੇ ਸਾਰੇ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕਰਦੇ ਹਨ। ਜਦੋਂ ਕਿ ਇਨ੍ਹਾਂ ਅਤੇ ਇਹੋ ਜਿਹੇ ਅਨੇਕਾਂ ਹੋਰ ਕਿੱਤਿਆਂ ਵਿਚ ਵਿਗਿਆਨ ਟੈਕਨੌਲਜੀ ਦੀ ਵਰਤੋਂ ਹੁੰਦੀ ਹੈ। ਟਰੈਕਟਰ ਦੇ ਪੁਰਜ਼ੇ ਜਾਂ ਕਾਰ ਦਾ ਇੰਜਣ ਵਿਗਿਆਨ ਦੀ ਹੀ ਕਾਢ ਹੈ ਪਰੰਤੂ ਉਸ ਨੂੰ ਠੀਕ ਕਰਨ ਵਾਲਾ ਵਿਅਕਤੀ ਸਿੱਧੀ ਸਾਦੀ ਪੰਜਾਬੀ ਭਾਸ਼ਾ ਵਿਚ ਉਸ ਦੇ ਇੰਜਣ ਦੇ ਢਾਂਚੇ ਨੂੰ, ਉਸ ਦੇ ਕੰਮ ਕਰਨ ਦੀ ਪ੍ਰਕਿਰਿਆ ਨੂੰ ਸਮਝਦਾ ਹੈ। ਕਿਸਾਨ, ਕਾਰੀਗਰ ਆਪਣੇ ਕੰਮ ਹਮੇਸ਼ਾ ਮਾਂ ਬੋਲੀ ਰਾਹੀਂ ਹੀ ਕਰਦੇ ਹਨ ਤੇ ਇਕ ਦੂਜੇ ਨੂੰ ਸਮਝਦੇ ਸਮਝਾਉਂਦੇ ਹਨ। ਕਿਸੇ ਵੀ ਖਿੱਤੇ ਦਾ ਵਿਕਾਸ ਜਿੰਨਾ ਵਧੀਆ ਤੇ ਤੇਜੀ ਨਾਲ ਮਾਂ ਬੋਲੀ ਰਾਹੀਂ ਹੋ ਸਕਦਾ ਹੈ ਓਨਾ ਕਿਸੇ ਹੋਰ ਭਾਸ਼ਾ ਰਾਹੀਂ ਨਹੀਂ। ਸੱਠਵਿਆਂ ਵਾਲੇ ਦਹਾਕੇ ਵਿਚ ਪੰਜਾਬ ਵਿਚ ਹਰੀ ਕ੍ਰਾਂਤੀ ਆਈ। ਭਾਵੇ ਕਿ ਉਸ ਦੇ ਨਤੀਜੇ ਕਾਫੀ ਬੁਰੇ ਨਿਕਲੇ, ਹਰਾ ਇਨਕਲਾਬ ਕਾਫੀ ਨਾ ਪੱਖੀ ਰਿਹਾ ਪਰ ਮਾਂ ਬੋਲੀ ਦੇ ਸੰਬੰਧ ਵਿਚ ਉਸਦਾ ਜ਼ਿਕਰ ਮੈਂ ਇੱਥੇ ਇਸ ਲਈ ਕੀਤਾ ਹੈ ਕਿ ਉਸ ਕ੍ਰਾਂਤੀ ਨੂੰ ਲਿਆਉਣ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮੈਗਜ਼ੀਨ 'ਚੰਗੀ ਖੇਤੀ' ਦਾ ਕਾਫੀ ਯੋਗਦਾਨ ਰਿਹਾ। ਮੈਗਜ਼ੀਨ ਪੰਜਾਬੀ ਵਿਚ ਹੋਣ ਕਾਰਨ ਉਸ ਵਿਚ ਦੱਸੀਆਂ ਗਈਆਂ ਗੱਲਾਂ ਨੂੰ ਕਿਸਾਨਾਂ ਨੇ ਸੌਖਿਆ ਹੀ ਸਮਝ ਲਿਆ ਤੇ ਸਾਲਾਂ ਵਿਚ ਹੀ ਕੇਵਲ ਪੰਜਾਬ 'ਚ ਹੀ ਨਹੀਂ ਪੂਰੇ ਭਾਰਤ ਵਿਚੋਂ ਅੰਨ ਦੀ ਥੁੜ ਖਤਮ ਹੋ ਗਈ। ਇਥੇ ਫਿਰ ਉਹੀ ਪਹਿਲਾਂ ਵਾਲੀ ਗੱਲ ਆ ਖੜ੍ਹਦੀ ਹੈ ਕਿ ਇਹ ਇਕ ਸਰਕਾਰੀ ਉਪਰਾਲਾ ਹੀ ਸੀ ਜਿਸ ਕਾਰਨ ਖੇਤੀ ਦੇ ਖੇਤਰ ਵਿਚ ਹੋਈਆਂ ਬੀਜਾਂ ਖਾਦਾਂ ਦੀਆਂ ਨਵੀਆਂ ਖੋਜਾਂ ਨੂੰ ਆਮ ਲੋਕਾਂ ਤੱਕ ਪਹੁੰਚਾਇਆ ਜਾ ਸਕਿਆ। ਬਿਨਾਂ ਸਰਕਾਰਾਂ ਦੇ ਸੁਹਿਰਦ ਯਤਨਾਂ ਦੇ ਪੰਜਾਬੀ ਨੇ ਨਾ ਤਾਂ ਰਾਜ ਭਾਸ਼ਾ ਦਾ ਅਮਲੀ ਰੂਪ ਧਾਰਨ ਕਰਨਾ ਹੈ ਅਤੇ ਨਾ ਹੀ ਲੋਕਾਂ ਨੇ ਇਸ ਮਾਨਸਿਕਤਾ ਵਿਚੋਂ ਨਿਕਲ ਸਕਣਾ ਹੈ ਕਿ ਪੰਜਾਬੀ ਰੁਜ਼ਗਾਰ ਦੀ ਭਾਸ਼ਾ ਨਹੀਂ ਹੈ। ਕਿਸੇ ਭਾਸ਼ਾ ਨੂੰ ਵਿਕਸਤ ਕਰਨਾ, ਨਵੀਂ ਸ਼ਬਦਾਵਲੀ ਦਾ ਵਿਕਾਸ ਕਰਨਾ ਜਾਂ ਫਿਰ ਉਸਨੂੰ ਪੂਰੀ ਤਰ੍ਹਾਂ ਨਾਲ ਲਾਗੂ ਕਰਨਾ ਵਿਅਕਤੀਗਤ ਜਾਂ ਕੁਝ ਕੁ ਅਦਾਰਿਆਂ ਦਾ ਕੰਮ ਨਹੀਂ ਹੈ। ਇਸ ਲਈ ਬਹੁਤ ਸਾਰੇ ਸਾਧਨਾਂ ਦੀ ਜ਼ਰੂਰਤ ਹੈ ਤੇ ਉਹ ਸਾਧਨ ਸਰਕਾਰਾਂ ਹੀ ਮੁਹਈਆਂ ਕਰਵਾ ਸਕਦੀਆਂ ਹਨ। ਵਿਗਿਆਨ ਟੈਕਨੌਲਜੀ ਦੀਆਂ ਕਿਤਾਬਾਂ ਪੰਜਾਬੀ ਵਿਚ ਮੁਹਈਆਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ ਤੇ ਉਹ ਵੀ ਆਮ ਬੋਲ ਚਾਲ ਦੀ ਬੋਲੀ ਵਿਚ। ਇਹ ਨਹੀਂ ਕਿ ਏਨੀ ਔਖੀ ਸ਼ਬਦਾਵਲੀ ਵਰਤੀ ਜਾਵੇ ਕਿ ਮੁੜ ਕੇ ਪੰਜਾਬੀ ਵਿਚ ਲਿਖੇ ਅੱਖਰਾਂ ਦਾ ਅਰਥ ਕਿਸੇ ਹੋਰ ਬੋਲੀ ਵਿਚੋਂ ਜਾ-ਜਾ ਕੇ ਲੱਭਣਾ ਪਵੇ ਤੇ ਉਥੋਂ ਜ਼ਿਆਦਾ ਸੌਖਾ ਸਮਝ ਆਉਂਦਾ ਹੋਵੇ। ਕੰਪਿਊਟਰ ਦੇ ਖੇਤਰ ਵਿਚ ਕੰਮ ਹੋ ਰਿਹਾ ਹੈ ਪਰ ਅਜੇ

ਕਾਫੀ ਕੰਮ ਕਰਨਾ ਬਾਕੀ ਹੈ। ਕੰਪਿਊਟਰ ਤੇ ਭਾਸ਼ਾ ਮਾਹਿਰਾਂ ਨੂੰ ਇਕੱਠੇ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਇਹੋ ਜਿਹੇ ਪ੍ਰੋਗਰਾਮ ਤਿਆਰ ਕੀਤੇ ਜਾ ਸਕਣ ਜਿਨ੍ਹਾਂ ਰਾਹੀਂ ਕਿ ਪੰਜਾਬੀ ਭਾਸ਼ਾ ਦਾ ਦੂਜੀਆਂ ਭਾਸ਼ਾਵਾਂ ਨਾਲ ਖੁੱਲ੍ਹਾ ਡੁੱਲ ਅਦਾਨ ਪ੍ਰਦਾਨ ਹੋ ਸਕੇ। ਇਹ ਗੱਲ ਵੀ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਸਭਿਆਚਾਰ ਦਾ ਹਿੱਸਾ ਬਣੇ ਬਿਨਾਂ ਕੋਈਵੀ ਗਿਆਨ ਵਿਗਿਆਨ ਸਮੂਹਿਕ ਬੌਧਿਕ ਵਿਕਾਸ ਵਿਚ ਕੋਈ ਯੋਗਦਾਨ ਨਹੀਂ ਦੇ ਸਕਦਾ। ਸਭਿਆਚਾਰ ਅਤੇ ਉਸਦੇ ਵਿਸ਼ੇਸ਼ ਚਿੰਨ੍ਹਾਂ ਦੀ ਵੱਖਰੀ ਪਛਾਣ ਬਣਾਈ ਰੱਖਣ ਲਈ ਅਤੇ ਬੌਧਿਕ ਵਿਕਾਸ ਦੇ ਰਾਹ ਤੇ ਤੁਰਨ ਲਈ ਸਭ ਤੋਂ ਜ਼ਰੂਰੀ ਹੈ ਉਸ ਕੌਮ ਦੀ ਮੁਢਲੀ ਭਾਸ਼ਾ ਦਾ ਜਿਉਂਦੇ ਰਹਿਣਾ। ਭਾਸ਼ਾ ਦੇ ਜਿਉਂਦੇ ਰਹਿਣ ਦਾ ਇਮਤਿਹਾਨ ਇਹ ਹੈ ਕਿ ਉਹ ਨਵੇਂ ਮਨੁੱਖ ਦੀਆਂ ਰੋਜ਼ਾਨਾ ਤੇ ਗਿਆਨ ਆਤਮਕ ਲੋੜਾਂ ਦੀ ਪੂਰਤੀ ਕਰਦੀ ਹੋਵੇ। ਇਸ ਮਨੋਰਥ ਲਈ ਪੰਜਾਬੀ ਭਾਸ਼ਾ ਦਾ ਵਿਕਾਸ ਕਰਨਾ ਜ਼ਰੂਰੀ ਹੈ ਤਾਂ ਜੋ ਪੰਜਾਬੀ ਆਪਣੀ ਵੱਖਰੀ ਪਛਾਣ ਰੱਖਦਾ ਹੋਇਆ ਉਸ ਵਿਚ ਆਪਣਾ ਸਿਰਜਣਾਤਮਕ ਯੋਗਦਾਨ ਪਾਉਣਦੇ ਸਮਰੱਥ ਹੋਵੇ।

ਇਸਦੇ ਨਾਲ ਨਾਲ ਸਾਨੂੰ ਸਾਡੇ ਵਿਚ ਭਰੀ ਹੀਣਭਾਵਨਾ ਵਿਚੋਂ ਨਿਕਲਣਾ ਵੀ ਜ਼ਰੂਰੀ ਹੋਵੇਗਾ ਕਿ ਪੰਜਾਬੀ ਦੀ ਸਿੱਖਿਆ ਰਾਹੀਂ ਅਸੀਂ ਆਪਣੇ ਭਵਿੱਖ ਦੀ ਕਲਪਨਾ ਨਹੀਂ ਕਰ ਸਕਦੇ। ਇਸ ਤੋਂ ਵੀ ਜ਼ਰੂਰੀ ਹੈ ਕਿ ਸਰਕਾਰੀ ਨੀਤੀਆਂ ਖਿਲਾਫ ਸੰਘਰਸ਼। ਪੰਜਾਬੀ ਭਾਸ਼ਾ ਪ੍ਰੇਮੀ ਤੇ ਸੰਸਥਾਵਾਂ ਆਪਣੀ ਮਾਂ ਬੋਲੀ ਦੇ ਵਿਕਾਸ ਲਈ ਅੱਗੇ ਆਈਏ ਤੇ ਸਰਗਰਮ ਭੂਮਿਕਾ ਨਿਭਾਉਂਦੇ ਹੋਏ ਇਸ ਤਰ੍ਹਾਂ ਦੀਆਂ ਕਾਨਫਰੰਸਾਂ, ਸੈਮੀਨਾਰਾਂ ਦਾ ਅਯੋਜਨ ਕਰਕੇ ਸਰਕਾਰਾਂ ਤੋਂ ਪੰਜਾਬੀ ਦੇ ਵਿਕਾਸ ਦੀ ਮੰਗ ਵੀ ਕਰਦੇ ਰਹੀਏ। ਪੰਜਾਬੀ ਨੂੰ ਉਸਦਾ ਬਣਦਾ ਥਾਂ ਮਿਲਣ ਤੇ ਹੀ ਪੰਜਾਬੀਆਂ ਵਿਚ ਆਈ ਇਹ ਹੀਣ ਭਾਵਨਾ ਖਤਮ ਹੋਵੇਗੀ ਕਿ ਪੰਜਾਬੀ ਰੁਜ਼ਗਾਰ ਦੀ ਭਾਸ਼ਾ ਨਹੀਂ ਬਣ ਸਕਦੀ।

**ਨਿਰਦੋਸ਼ ਕੌਰ ਗਿੱਲ**
**ਅਮਰਦੀਪ ਸਿੰਘ ਸ਼ੇਰਗਿੱਲ**
**ਮੈਮੋਰੀਅਲ ਕਾਲਜ ਮੁਕੰਦਪੁਰ**